676

ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈਕੰਡਰੀ),

ਪੰਜਾਬ

202467196
17/05/24

ਨੰਬਰ. ਪਸਸਬ-ਸਸ-ਪੰ/ਅੱ-2024/ 512 ............ ਮਿਤੀ 17/5/24

ਵਿਸ਼ਾ:- ਅੱਠਵੀਂ ਸ਼੍ਰੇਣੀ ਜੁਲਾਈ-2024 ਦੀ ਸਪਲੀਮੈਂਟਰੀ ਪ੍ਰੀਖਿਆ ਬਾਰੇ।

ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਅੱਠਵੀਂ ਸ਼੍ਰੇਣੀ ਦੀ ਸਪਲੀਮੈਂਟਰੀ ਪ੍ਰੀਖਿਆ ਜੁਲਾਈ ਦੇ ਪਹਿਲੇ ਹਫਤੇ ਕਰਵਾਈ ਜਾ ਰਹੀ ਹੈ। ਇਹ ਪ੍ਰੀਖਿਆ ਦਫਤਰ ਵੱਲੋਂ ਸਥਾਪਿਤ ਪ੍ਰੀਖਿਆ ਕੇਂਦਰਾਂ ਵਿੱਚ ਕਰਵਾਈ ਜਾਵੇਗੀ। ਜਿਹੜੇ ਪ੍ਰੀਖਿਆਰਥੀਆਂ ਦੀ ਮਾਰਚ-2024 ਦੀ ਪ੍ਰੀਖਿਆ ਵਿੱਚ ਰੀ-ਅਪੀਅਰ ਆਈ ਹੈ, ਉਹ ਆਪਣੇ ਪ੍ਰੀਖਿਆ ਫਾਰਮ ਅਤੇ ਫੀਸ ਨਾਲ ਨੱਥੀ ਸ਼ਡਿਊਲ ਅਨੁਸਾਰ ਆੱਨਲਾਈਨ ਅਪਲਾਈ ਕਰ ਸਕਦੇਂ ਹਨ।

ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਆਪਣੇ ਅਧੀਨ ਆਉਂਦੇ ਸਕੂਲ ਮੁੱਖੀਆ ਨੂੰ ਹਦਾਇਤ ਕਰਨ ਦੀ ਖੇਚਲ ਕਰਨ ਕਿ ਜਿਹੜੇ ਸਕੂਲਾਂ ਦੇ ਪ੍ਰੀਖਿਆਰਥੀਆਂ ਦੀ ਰੀ-ਅਪੀਅਰ ਆਈ ਹੈ, ਸਕੂਲ ਮੁੱਖੀ ਆਪਣੇ ਪੱਧਰ ਤੇ ਪ੍ਰੀਖਿਆਰਥੀਆਂ ਨਾਲ ਤਾਲਮੇਲ ਕਰਨ ਉਪਰੰਤ ਬਿਨ੍ਹਾਂ ਲੇਟ ਫੀਸ ਮਿਤੀ. 27.05.2024 ਤੱਕ ਆਪਣੇ ਫੀਸ ਅਤੇ ਫਾਰਮ ਆਨਲਾਈਨ ਭਰ ਸਕਦੇ ਹਨ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਸਹਾਇਕ ਸਕੱਤਰ (ਪੰਜਵੀਂ/ਅੱਠਵੀਂ)

1224772

# ਪੰਜਾਬ ਸਕੂਲ ਸਿੱਖਿਆ ਬੋਰਡ

## ਨੋਟਿਸ

ਪੰਜਵੀਂ/ਅੱਠਵੀਂ ਸ਼੍ਰੇਣੀ ਦੀ ਪ੍ਰੀਖਿਆ ਮਾਰਚ-2024 ਵਿੱਚ ਜਿਨ੍ਹਾਂ ਪ੍ਰੀਖਿਆਰਥੀਆਂ ਦਾ ਨਤੀਜਾ ਰੀ-ਅਪੀਅਰ ਘੋਸ਼ਿਤ ਹੋਇਆ ਹੈ, ਅਜਿਹੇ ਪ੍ਰੀਖਿਆਰਥੀਆਂ ਲਈ ਜੁਲਾਈ-2024 ਦੀ ਸਪਲੀਮੈਂਟਰੀ ਪ੍ਰੀਖਿਆ ਫੀਸ ਅਤੇ ਫਾਰਮ ਜਮ੍ਹਾਂ ਕਰਵਾਉਣ ਲਈ ਹੇਠ ਲਿਖੇ ਅਨੁਸਾਰ ਸ਼ਡਿਊਲ ਨਿਰਧਾਰਿਤ ਕੀਤਾ ਗਿਆ ਹੈ:-

| ਪ੍ਰੀਖਿਆ ਫੀਸ<br><br>ਪੰਜਵੀਂ ਸ਼੍ਰੇਣੀ 600/- ਅਤੇ 200/- ਸਰਟੀਫਿਕੇਟ ਹਾਰਡ ਕਾਪੀ ਫੀਸ ਜੇਕਰ ਪ੍ਰੀਖਿਆਰਥੀ ਸਰਟੀਫਿਕੇਟ ਦੀ ਹਾਰਡ ਕਾਪੀ ਲੈਣਾ ਚਾਹੁੰਦਾ ਹੈ।<br><br>ਅੱਠਵੀਂ ਸ਼੍ਰੇਣੀ 950/- ਅਤੇ 200/- ਸਰਟੀਫਿਕੇਟ ਹਾਰਡ ਕਾਪੀ ਫੀਸ ਜੇਕਰ ਪ੍ਰੀਖਿਆਰਥੀ ਸਰਟੀਫਿਕੇਟ ਦੀ ਹਾਰਡ ਕਾਪੀ ਲੈਣਾ ਚਾਹੁੰਦਾ ਹੈ। | ਬਿਨ੍ਹਾਂ ਲੇਟ ਫੀਸ ਪੋਰਟਲ ਲਾਈਵ ਕਰਨ ਦੀ ਮਿਤੀ (ਪ੍ਰਤੀ ਪ੍ਰੀਖਿਆਰਥੀ) | 1000/- ਰੁਪਏ ਲੇਟ ਫੀਸ ਨਾਲ ਪੋਰਟਲ ਲਾਈਵ ਕਰਨ ਦੀ ਮਿਤੀ (ਪ੍ਰਤੀ ਪ੍ਰੀਖਿਆਰਥੀ) |
|---|---|---|
| ਪ੍ਰੀਖਿਆ ਫਾਰਮ ਭਰਨ ਅਤੇ ਆਨਲਾਈਨ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ. | 13-05-2024 ਤੋਂ<br><br>27-05-2024 | 28-05-2024 ਤੋਂ<br><br>07-06-2024 |
| ਪ੍ਰੀਖਿਆ ਫਾਰਮ ਦੀ ਹਾਰਡ ਕਾਪੀ ਖੇਤਰੀ ਦਫ਼ਤਰ ਵਿੱਚ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ. | 31-05-2024 | 12-06-2024 |

1.0 ਆਨਲਾਈਨ ਪ੍ਰੀਖਿਆ ਫਾਰਮ ਮਿਤੀ. 13-05-2024 ਤੋਂ ਸਕੂਲ ਲਾਗ-ਇਨ ਅਤੇ ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲਬੱਧ ਹੋਵੇਗਾ।

2.0 ਪ੍ਰੀਖਿਆ ਫੀਸਾਂ ਕੇਵਲ ਆਨਲਾਈਨ ਡੈਬਿਟ/ਕ੍ਰੈਡਿਟ ਕਾਰਡ ਅਤੇ ਨੈਟ-ਬੈਕਿੰਗ ਗੇਟ-ਵੇਅ ਰਾਹੀਂ ਜਮ੍ਹਾਂ ਹੋਣਗੀਆਂ।

ਸਹਾਇਕ ਸਕੱਤਰ (ਪੰਜਵੀਂ/ਅੱਠਵੀਂ)